**TODAY'S HUKAMNAMA FROM SRI DARBAR SAHIB**
**Sri Amritsar.**

**[June 8, 2013, Saturday 04:30 AM. IST]**

ਸੋਰਠਿ ਮਹਲਾ ੧ ॥

ਜਿਨ੍ੀ ਸਤਿਗੁਰੁ ਸੇਵਿਆ ਪਿਆਰੇ ਤਿਨ੍ ਕੇ ਸਾਥ ਤਰੇ ॥ਤਿਨ੍ਾ ਠਾਕ ਨ ਪਾਈਐ ਪਿਆਰੇ ਅੰਮ੍ਰਿਤ ਰਸਨ ਹਰੇ ॥ ਬੂਡੇ ਭਾਰੇ ਭੈ ਬਿਨਾ ਪਿਆਰੇ ਤਾਰੇ ਨਦਰਿ ਕਰੇ ॥੧॥ ਭੀ ਤੂਹੈ ਸਾਲਾਹਣਾ ਪਿਆਰੇ ਭੀ ਤੇਰੀ ਸਾਲਾਹ ॥ ਵਿਣੁ ਬੋਹਿਥ ਭੈ ਡੁਬੀਐ ਪਿਆਰੇ ਕੰਧੀ ਪਾਇ ਕਹਾਹ ॥੧॥ ਰਹਾਉ ॥ ਸਾਲਾਹੀ ਸਾਲਾਹਣਾ ਪਿਆਰੇ ਦੂਜਾ ਅਵਰੁ ਨ ਕੋਇ ॥ ਮੇਰੇ ਪ੍ਰਭ ਸਾਲਾਹਨਿ ਸੇ ਭਲੇ ਪਿਆਰੇ ਸਬਦਿ ਰਤੇ ਰੰਗੁ ਹੋਇ ॥ ਤਿਸ ਕੀ ਸੰਗਤਿ ਜੇ ਮਿਲੈ ਪਿਆਰੇ ਰਸੁ ਲੈ ਤਤੁ ਵਿਲੋਇ ॥੨॥ ਪਤਿ ਪਰਵਾਨਾ ਸਾਚ ਕਾ ਪਿਆਰੇ ਨਾਮੁ ਸਚਾ ਨੀਸਾਣੁ ॥ ਆਇਆ ਲਿਖਿ ਲੈ ਜਾਵਣਾ ਪਿਆਰੇ ਹੁਕਮੀ ਹੁਕਮੁ ਪਛਾਣੁ ॥ ਗੁਰ ਬਿਨੁ ਹੁਕਮੁ ਨ ਬੂਝੀਐ ਪਿਆਰੇ ਸਾਚੇ ਸਾਚਾ ਤਾਣੁ ॥੩॥ ਹੁਕਮੈ ਅੰਦਰਿ ਨਿੰਮਿਆ ਪਿਆਰੇ ਹੁਕਮੈ ਉਦਰ ਮਝਾਰਿ ॥ ਹੁਕਮੈ ਅੰਦਰਿ ਜੰਮਿਆ ਪਿਆਰੇ ਊਧਉ ਸਿਰ ਕੈ ਭਾਰਿ ॥ ਗੁਰਮੁਖਿ ਦਰਗਹ ਜਾਣੀਐ ਪਿਆਰੇ ਚਲੈ ਕਾਰਜ ਸਾਰਿ ॥੪॥ ਹੁਕਮੈ ਅੰਦਰਿ ਆਇਆ ਪਿਆਰੇ ਹੁਕਮੇ ਜਾਦੋ ਜਾਇ ॥ ਹੁਕਮੇ ਬੰਨ੍ਿ ਚਲਾਈਐ ਪਿਆਰੇ ਮਨਮੁਖਿ ਲਹੈ ਸਜਾਇ ॥ ਹੁਕਮੇ ਸਬਦਿ ਪਛਾਣੀਐ ਪਿਆਰੇ ਦਰਗਹ ਪੈਧਾ ਜਾਇ ॥੫॥ ਹੁਕਮੇ ਗਣਤ ਗਣਾਈਐ ਪਿਆਰੇ ਹੁਕਮੇ ਹਉਮੈ ਦੋਇ ॥ ਹੁਕਮੇ ਭਵੈ ਭਵਾਈਐ ਪਿਆਰੇ ਅਵਗਣਿ ਮੁਠੀ ਰੋਇ ॥ ਹੁਕਮੁ ਸਿਞਾਪੈ ਸਾਹ ਕਾ ਪਿਆਰੇ ਸਚੁ ਮਿਲੈ ਵਡਿਆਈ ਹੋਇ ॥੬॥ ਆਖਣਿ ਅਉਖਾ ਆਖੀਐ ਪਿਆਰੇ ਕਿਉ ਸੁਣੀਐ ਸਚੁ ਨਾਉ ॥ ਜਿਨ੍ੀ ਸੋ ਸਾਲਾਹਿਆ ਪਿਆਰੇ ਹਉ ਤਿਨ੍ ਬਲਿਹਾਰੈ ਜਾਉ ॥ ਨਾਉ ਮਿਲੈ ਸੰਤੋਖੀਆਂ ਪਿਆਰੇ ਨਦਰੀ ਮੇਲਿ ਮਿਲਾਉ ॥੭॥ ਕਾਇਆ ਕਾਗਦੁ ਜੇ ਥੀਐ ਪਿਆਰੇ ਮਨੁ ਮਸਵਾਣੀ ਧਾਰਿ ॥ ਲਲਤਾ ਲੇਖਣਿ ਸਚ ਕੀ ਪਿਆਰੇ ਹਰਿ ਗੁਣ ਲਿਖਹੁ ਵੀਚਾਰਿ ॥ ਧਨੁ ਲੇਖਾਰੀ ਨਾਨਕਾ ਪਿਆਰੇ ਸਾਚੁ ਲਿਖੈ ਉਰਿ ਧਾਰਿ॥ ੮॥੩॥

ਇਸ ਸ਼ਬਦ ਵਿਚ ਮੁਖ ਤੋਰ ਤੇ ਪ੍ਰਮੇਸ਼ਰ ਦੇ ਹੁਕਮ ਦੀ ਵਿਚਾਰ ਕੀਤੀ ਗਈ ਹੈ ।ਅਸਲ ਵਿਚ ਸਿਮਰਨ ਦਾ ਅੰਤਰੀਵ ਭਾਵ ਵੀ ਹੁਕਮ ਦੀ ਕਮਾਈ ਹੀ ਹੈ ।ਸੰਸਾਰ ਦੇ ਭਵਸਾਗਰ ਵਿਚ ਪ੍ਰਮੇਸ਼ਰ ਦੀ ਸਿਫ਼ਤ ਸਾਲਾਹ ਜੀਵਨ ਦੀ ਬੇੜੀ ਦੇ ਚੱਪੂ ਸਮਾਨ ਹੈ ।ਹੁਕਮ ਦਾ ਜੀਵਨ ਸੰਗਤੀ ਸ਼ਤੀਰੀਆਂ ਦੇ ਬੇੜੇ ਸਮਾਨ ਹੈ ਜਿਸ ਨਾਲ ਸਹਿਜੇ ਹੀ ਮਨੁੱਖੀ ਜੀਵਨ ਆਪਣੇ ਨਿਸ਼ਾਨੇ ਵਲ ਵੱਧਦਾ ਜਾਂਦਾ ਹੈ ।ਵਿਚਾਰ ਦੁਆਰਾ ਸਮਝ ਆਉਂਦੀ ਹੈ ਕਿ ਜੀਵ ਦਾ ਜਨਮ ਤੇ ਸਾਰਾ ਜੀਵਨ ਹੁਕਮ ਅਧੀਨ ਹੀ ਹੈ ਸੋ ਮਨੁੱਖ ਨੂੰ ਚਾਹੀਦਾ ਹੈ ਗੁਰਬਾਣੀ ਦੁਆਰਾ ਇਸ ਹੁਕਮ ਨੂੰ ਸ਼ਮਝ ਕੇ ਉਸਨੂੰ ਮੰਨ ਕੇ ਚਲੇ। ਜੇਕਰ ਉਹ ਹੁਕਮ ਨਹੀਂ ਮੰਨਦਾ ਤਾਂ ਉਸਨੂੰ ਸਜ਼ਾ ਭੋਗਣੀ ਪੈਂਦੀ ਹੈ ।ਹੁਕਮ ਦੁਆਰਾ ਪਹਿਲਾਂ ਆਪਣੇ ਮਨ ਦੀ ਘਾੜਤ ਘੜਨੀ ਹੈ । ਮਨ ਦੀ ਵਿਚਾਰ ਸ਼ਕਤੀ ਸਿਆਹੀ ਵਾਂਗ ਤੇ ਸਰੀਰ ਕਾਗਜ਼ ਵਾਂਗ ਹੰਦਾ ਹੈ । ਜੇਕਰ ਮਨ ਦੇ ਸ਼ੁਭ ਵਿਚਾਰ ਦਆਰਾ ਮਨੁਖ ਆਪਣੇ ਸਰੀਰ ਨਾਲ ਸ਼ੁਭ ਕਰਮ ਕਰਦਾ ਹੈ ਤਾਂ ਜੀਵਨ ਵਿਚ ਹੁਕਮ ਸੰਸਾਰੀ ਲੇਖ ਲਿਖਵਾ ਕੇ ਆਪਣਾ ਜੀਵਨ ਪ੍ਰਭੂ ਦੀ ਨਦਰ ਵਿਚ ਪ੍ਰਵਾਨ ਕਰਵਾ ਲੈਂਦਾ ਹੈ ।